ਵਲੋਂ

ਜਿਲ੍ਹਾ ਖੇਡ ਅਫਸਰ,
ਬਠਿੰਡਾ।

ਸੇਵਾ ਵਿਖੇ

ਜਿਲ੍ਹਾ ਸਿੱਖਿਆ ਅਫਸਰ (ਸੈ:ਸੀ),
ਬਠਿੰਡਾ।

ਪੱਤਰ ਨੰ: ਸਪੋਰਟਸ-ਬ-2022/1468
ਮਿਤੀ: 04.10.2022

ਵਿਸ਼ਾ:- ਖੇਡਾਂ ਵਤਨ ਪੰਜਾਬ ਦੀਆਂ 2022 ਅਧੀਨ ਰਾਜ ਪੱਧਰੀ ਖੇਡਾਂ ਲਈ ਖਿਡਾਰੀਆਂ ਦੇ ਟਰਾਇਲਾਂ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਹੈ ਕਿ ਖੇਡਾਂ ਵਤਨ ਪੰਜਾਬ ਦੀਆਂ 2022 ਅਧੀਨ ਆਪ ਜੀ ਦੀ ਰਹਿਨੁਮਾਈ ਹੇਠ ਜਿਲ੍ਹਾ ਬਠਿੰਡਾ ਵਿੱਚ ਪਹਿਲਾਂ ਬਲਾਕ ਪੱਧਰੀ ਖੇਡਾਂ ਫਿਰ ਜਿਲ੍ਹਾ ਪੱਧਰੀ ਖੇਡਾਂ ਵੱਖ-ਵੱਖ ਉਮਰ ਵਰਗ ਅਤੇ ਵੱਖ-ਵੱਖ ਗੇਮਾਂ ਵਿੱਚ ਕਰਵਾਈਆ ਜਾ ਚੁੱਕੀਆਂ ਹਨ। ਹੁਣ ਰਾਜ ਪੱਧਰੀ ਖੇਡਾਂ ਜੋ ਮਿਤੀ 11.10.2022 ਤੋਂ 20.10.2022 ਤੱਕ ਵੱਖ-ਵੱਖ ਜਿਲ੍ਹਿਆਂ ਵਿੱਚ ਵੱਖ-ਵੱਖ ਗੇਮਾਂ ਵਿੱਚ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਰਾਜ ਪੱਧਰੀ ਖੇਡਾਂ ਵਿੱਚ ਜੋ ਗੇਮਾਂ ਜਿਲ੍ਹਾ ਪੱਧਰ ਖੇਡਾਂ ਵਿੱਚ ਨਹੀਂ ਕਰਵਾਈਆਂ ਗਈਆਂ ਇਨ੍ਹਾਂ ਖੇਡਾਂ ਦੇ ਖਿਡਾਰੀਆਂ ਦੇ ਟਰਾਇਲ ਲੈ ਕੇ ਸਿੱਧਾ ਰਾਜ ਪੱਧਰੀ ਖੇਡਾਂ ਵਿੱਚ ਭੇਜਣ ਦੇ ਹੁਕਮ ਪ੍ਰਾਪਤ ਹੋਏ ਹਨ। ਜਿਸ ਲਈ ਹੇਠ ਲਿਖੇ ਸ਼ਡਿਊਲ ਅਨੁਸਾਰ ਟਰਾਇਲ ਰੱਖੇ ਗਏ ਹਨ। ਜਿਸ ਵਿੱਚ ਖਿਡਾਰੀ ਵਲੋਂ ਆਪਣਾ ਆਧਾਰ ਕਾਰਡ ਨਾਲ ਲਿਆਉਣਾ ਲਾਜਮੀ ਹੋਵੇਗਾ। ਟਰਾਇਲਾਂ ਦਾ ਰਿਪੋਟਿੰਗ ਸਮਾਂ ਹਰ ਦਿਨ ਸਵੇਰੇ 9:00 ਵਜੇ ਹੋਵੇਗਾ। ਇਸ ਲਈ ਆਪ ਅਧੀਨ ਪੈਂਦੇ ਸਕੂਲਾਂ ਦੇ ਖਿਡਾਰੀਆਂ ਨੂੰ ਹੇਠ ਲਿਖੇ ਟਰਾਇਲਾਂ ਦੇ ਸ਼ਡਿਊਲ ਅਨੁਸਾਰ ਜਾਣੂ ਕਰਵਾਇਆ ਜਾਵੇ ਅਤੇ ਇਨ੍ਹਾਂ ਨੂੰ ਸਮੇਂ ਸਿਰ ਭੇਜਣ ਦੀ ਹਦਾਇਤ ਵੀ ਕੀਤੀ ਜਾਵੇ ਜੀ।

| ਲੜੀ ਨੰ | ਗੇਮ | ਏਜ਼ ਗਰੁੱਪ | ਸਥਾਨ | ਮਿਤੀਆਂ |
|---|---|---|---|---|
| 1 | ਸ਼ੂਟਿੰਗ | ਅੰ-14, 17, 21, 21-40 | ਦਸ਼ਮੇਸ਼ ਗਰਲਜ਼ ਕਾਲਜ ਬਾਦਲ (ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ) | 06.10.2022 ਤੋਂ 07.10.2022 |
| 2 | ਚੈਸ | ਅੰ-14, 17, 21, 21-40 | ਬਾਕਸਿੰਗ ਇਨਡੋਰ ਹਾਲ ਬਠਿੰਡਾ | 06.10.2022 ਤੋਂ 08.10.2022 |
| 3 | ਆਰਚਰੀ | ਅੰ-14, 17, 21, 21-40 | ਸਰਕਾਰੀ ਆਦਰਸ਼ ਸਕੂਲ, ਬਠਿੰਡਾ | 06.10.2022 ਤੋਂ 08.10.2022 |
| 4 | ਜਿਮਨਾਸਟਿਕ | ਅੰ-14, 17, 21, 21-40 | ਪੁਲਿਸ ਪਬਲਿਕ ਸਕੂਲ, ਬਠਿੰਡਾ | 06.10.2022 ਤੋਂ 08.10.2022 |
| 5 | ਫੈਨਸਿੰਗ | ਅੰ-14, 17, 21, 21-40 | ਸ਼੍ਰੀ ਗੁਰੂ ਹਰਕ੍ਰਿਸ਼ਨ ਸਕੂਲ ਬਠਿੰਡਾ | 06.10.2022 ਤੋਂ 08.10.2022 |
| 6 | ਰੋਇੰਗ, ਕੈਕਈਂਗ ਅਤੇ ਕਨੋਇੰਗ | ਅੰ-14, 17, 21, 21-40 | ਦਫਤਰ ਜਿਲ੍ਹਾ ਖੇਡ ਅਫਸਰ ਬਠਿੰਡਾ ਨਾਲ ਮਿਤੀ 06.10.2022 ਨੂੰ ਤਾਲਮੇਲ ਕੀਤਾ ਜਾਵੇ ਅਤੇ ਖਿਡਾਰੀ ਆਪਣਾ ਆਧਾਰ ਕਾਰਡ ਨਾਲ ਲੈ ਕੇ ਆਉਣ। | |

**ਉਮਰ ਦੇ ਮਾਪਦੰਡ:-**

1. ਅੰਡਰ-14 (ਮਿਤੀ 01.01.2009 ਤੋਂ ਬਾਅਦ ਦਾ ਜਨਮ)
2. ਅੰਡਰ-17 (ਮਿਤੀ 01.01.2006 ਤੋਂ ਬਾਅਦ ਦਾ ਜਨਮ)
3. ਅੰਡਰ-21 (ਮਿਤੀ 01.01.2002 ਤੋਂ ਬਾਅਦ ਦਾ ਜਨਮ)
4. ਅੰਡਰ-21 ਤੋਂ 40 (ਮਿਤੀ 01.01.1983 ਤੋਂ ਬਾਅਦ ਦਾ ਜਨਮ)

ਸਹੀ/-
(ਰੁਪਿੰਦਰ ਸਿੰਘ)
ਜਿਲ੍ਹਾ ਖੇਡ ਅਫਸਰ
ਬਠਿੰਡਾ

ਪਿੱਠ ਅੰਕਣ ਨੰ: ਸਪੋਰਟਸ-ਬ-2022/1469 ਮਿਤੀ: 4.10.22

ਉਪਰੋਕਤ ਦਾ ਉਤਾਰਾ ਮਾਣਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ ਜੀ।

ਸਹੀ/-
(ਰੁਪਿੰਦਰ ਸਿੰਘ)
ਜਿਲ੍ਹਾ ਖੇਡ ਅਫਸਰ
ਬਠਿੰਡਾ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੰ.) ਬਠਿੰਡਾ
ਪੱਤਰ ਨੰ: ਡੀ.ਐਸ.ਜੀ (ਸਪੋਰਟਸ) ਬਠਿੰਡਾ/2022/252 ਮਿਤੀ 05/10/2022

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਪੱਤਰ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸਹੀ/-
ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੰ.) ਬਠਿੰਡਾ

Scanned with CamScanner